27-11-1994

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਪ੍ਰੋ. ਬ੍ਰਿਜ ਲਾਲ ਸ਼ਾਸਤਰੀ ਦੇ ਦੋ ਨਾਟਕਾਂ ਦਾ ਮੰਚਣ:** ਸਾਹਿਤ ਅਤੇ ਸਾਹਿਤਕਾਰਾਂ ਦਾ ਸਮਾਜ ਵਿਚ ਇਕ ਸਨਮਾਨਯੋਗ ਥਾਂ ਹੋਵੇ ਅਤੇ ਸਮਾਜਿਕ ਸਰਗਰਮੀਆਂ ਵਿਚ ਸਾਹਿਤਕਾਰਾਂ ਦੀ ਸਰਗਰਮ ਦਖਲਅੰਦਾਜ਼ੀ ਹੋਵੇ। ਇਸ ਉਦੇਸ਼ ਲਈ ਕੇਂਦਰੀ ਪੰਜਾਬੀ ਲੇਖਕ ਸਭਾ ਇਕ ਵਿਉਂਤਬੰਦ ਤਰੀਕੇ ਨਾਲ ਯਤਨਸ਼ੀਲ ਹੈ। ਥਾਂ ਥਾਂ 'ਤੇ ਲੋਕਲ ਸਭਾਵਾਂ ਦੇ ਸਹਿਯੋਗ ਨਾਲ ਕੇਂਦਰੀ ਲੇਖਕ ਸਭਾ ਵਲੋਂ ਸਾਹਿਤਕ ਸਭਿਆਚਾਰਕ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਇਕ ਸਟੇਟ ਪੱਧਰ ਦਾ ਸਮਾਗਮ ਪ੍ਰੋ. ਬ੍ਰਿਜ ਲਾਲ ਸ਼ਾਸਤਰੀ ਦੀ ਯਾਦ ਵਿਚ ਉਨ੍ਹਾਂ ਦੇ 100ਵੇਂ ਜਨਮ ਦਿਨ ਦੇ ਮੌਕੇ 'ਤੇ 19 ਨਵੰਬਰ ਨੂੰ ਰੋਪੜ ਵਿਖੇ ਕੀਤਾ ਗਿਆ। ਪ੍ਰੋ. ਬ੍ਰਿਜ ਲਾਲ ਸ਼ਾਸਤਰੀ ਆਧੁਨਿਕ ਯੁਗ ਦੇ ਸਾਡੇ ਮੋਢੀ ਨਾਟਕਕਾਰ ਅਤੇ ਸਾਹਿਤਕਾਰ ਸਨ। 1894 ਵਿਚ ਉਨ੍ਹਾਂ ਦਾ ਜਨਮ ਹੋਇਆ ਤੇ 1987 ਵਿਚ ਸਾਡੇ ਤੋਂ ਵਿਛੜ ਗਏ। ਵੰਡ ਤੋਂ ਬਾਅਦ ਉਹ ਰੋਪੜ ਵਿਚ ਹੀ ਰਹੇ ਜਿੱਥੇ ਉਹ 1949 ਵਿਚ ਸਰਕਾਰੀ ਕਾਲਜ ਤੋਂ ਰਿਟਾਇਰ ਹੋਏ। ਉਨ੍ਹਾਂ ਦੇ ਵਾਰਸਾਂ ਨੇ ਉਨ੍ਹਾਂ ਦਾ ਰੋਪੜ ਵਾਲਾ 4 ਕਮਰਿਆਂ ਵਾਲਾ ਮਕਾਨ ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਦੇ ਦਿੱਤਾ ਹੈ। ਉਥੇ ਇਕ ਲਾਇਬਰੇਰੀ ਤੇ ਸਾਹਿਤਕ ਕੇਂਦਰ ਦੀ ਸਥਾਪਨਾ ਹੋ ਗਈ ਹੈ। ਪ੍ਰੋ. ਬ੍ਰਿਜ ਲਾਲ ਸ਼ਾਸਤਰੀ ਦੀ ਯਾਦ ਵਿਚ ਜਦੋਂ ਇਸ ਸਮਾਗਮ ਨੂੰ ਉਲੀਕਿਆ ਗਿਆ ਤਾਂ ਇਹ ਗੱਲ ਉਭਰ ਕੇ ਆਈ ਕਿ ਭਾਵੇਂ ਸ਼ਾਸਤਰੀ ਜੀ ਰੋਪੜ ਵਿਚ ਰਹੇ ਪਰ ਬਹੁਤ ਸਾਰੇ ਲੋਕ ਜਿਨ੍ਹਾਂ ਵਿਚ ਬੁੱਧੀਜੀਵੀ ਸ਼ਾਮਲ ਹਨ, ਉਹ ਸ਼ਾਸਤਰੀ ਜੀ ਬਾਰੇ ਨਹੀਂ ਜਾਣਦੇ। ਇਹ ਆਪਣੇ ਆਪ ਵਿਚ ਪੰਜਾਬੀ ਸਾਹਿਤ ਦਾ ਦੁਖਾਂਤ ਹੈ ਕਿ ਸਾਹਿਤਕਾਰਾਂ ਦੀ ਸਾਧਾਰਨ ਲੋਕਾਂ ਵਿਚ ਪਛਾਣ ਨਹੀਂ। ਪੂਰੇ ਯਤਨਾਂ ਨਾਲ ਜਿਸ ਵਿਚ ਮਾਲਿਕ ਾਮ ਗੁਲਾਟੀ ਅਤੇ ਸਵਰਨ ਸਿੰਘ ਭੰਗੂ ਦਾ ਵਿਸ਼ੇਸ਼ ੱਸਾ ਸੀ, ਇਕ ਸਫਲ ਸਾਹਿਤਕ ਸਭਿਆਚਾਰਕ ਮਾਗਮ ਕੀਤਾ ਗਿਆ। ਸ਼ਾਸਤਰੀ ਜੀ ਦੀ ਾਹਿਤਕ ਘਾਲਣਾ ਅਤੇ ਸਮੁੱਚੇ ਰੋਪੜ ਜ਼ਿਲੇ ਦੀ ਜਾਬੀ ਸਾਹਿਤ ਨੂੰ ਦੇਣ ਬਾਰੇ ਪੇਪਰ ਪੜ੍ਹੇ ਗਏ, ਾਸਤਰੀ ਜੀ ਦੇ ਦੋ ਨਾਟਕ ਖੇਡੇ ਗਏ ਅਤੇ ਸਟੇਟ ਧਰ ਦਾ ਇਕ ਕਵੀ ਦਰਬਾਰ ਕੀਤਾ ਗਿਆ। ਸੇ ਤਾਂ ਇਸ ਸਮਾਗਮ ਨੇ ਬਹੁਤ ਕੁਝ ਪ੍ਰਾਪਤ ੀਤਾ ਅਤੇ ਇਹ ਫੈਸਲਾ ਲਿਆ ਗਿਆ ਕਿ ਵੰਬਰ ਦੇ ਦੂਜੇ ਐਤਵਾਰ ਹਰ ਸਾਲ ਬ੍ਰਿਜ ਲਾਲ ਾਸਤਰੀ ਸਾਹਿਤਕ ਸਭਿਆਚਾਰਕ ਮੇਲਾ ਆਯੋਜਿਤ ਕੀਤਾ ਜਾਇਗਾ ਪਰ ਇਸ ਸਮਾਗਮ ਦੀ ਵਿਸ਼ੇਸ਼ ਪ੍ਰਾਪਤੀ ਬ੍ਰਿਜ ਲਾਲ ਸ਼ਾਸਤਰੀ ਹੋਰਾਂ ਦੇ ਦੋ ਨਾਟਕਾਂ, ਸੁਕੰਨਿਆਂ ਅਤੇ ਪੂਰਨ ਦਾ ਮੰਚਣ ਸੀ। ਇਹ ਡਾ. ਸਾਹਬ ਸਿੰਘ ਦੀ ਨਿਰਦੇਸ਼ਨਾ ਹੇਠ ਖੇਡੇ ਗਏ। ਇਹ ਨਾਟਕ ਜੋ ਪੰਜਾਬੀ ਆਧੁਨਿਕ ਸਾਹਿਤ ਦੀਆਂ ਮੁਢਲੀਆਂ ਕ੍ਰਿਤਾਂ ਹਨ, ਨਾਟਕ ਵਿੱਧਾ ਦੀਆਂ ਉਤਮ ਮਿਸਾਲਾਂ ਹਨ। ਇਨ੍ਹਾਂ ਵਿਚ ਨਾਟਕੀ ਸਥਿਤੀ, ਨਾਟਕੀ ਖਿਚਾਅ, ਨਾਟਕੀ ਅਤੇ ਨਾਟਕ ਸਿੱਖਰ ਉਸਾਰਨ ਦੇ ਪੂਰੇ ਕਲਾਤਮਿਕ ਗੁਣ ਹਨ। ਇਕ ਪਾਰਖੂ ਅੱਖ ਇਕਦਮ ਇਨ੍ਹਾਂ ਨਾਟਕਾਂ ਦੀ ਬਣਤਰ ਅਤੇ ਉਸਾਰੀ ਤੋਂ ਪ੍ਰਭਾਵਿਤ ਹੁੰਦੀ ਹੈ। ਡਾ. ਸਾਹਬ ਸਿੰਘ ਅਤੇ ਉਹਦੀ ਸਾਰੀ ਟੀਮ ਜਿਸ ਵਿਚ ਰਜਿੰਦਰ ਰੋਜ਼ੀ, ਨਰਿੰਦਰ ਪਿਕਿਸ਼, ਪਰਵੀਨ, ਮਨਜਿੰਦਰ, ਅਮਨਦੀਪ, ਮਨਦੀਪ ਸੇਠੀ, ਸਰਿਤਾ, ਬਲਬੀਰ, ਇੰਦਰਜੀਤ ਸ਼ਾਮਲ ਸਨ, ਨੇ ਆਪਣੀ ਜ਼ੋਰਦਾਰ ਐਕਟਿੰਗ ਅਤੇ ਨਾਟ ਜੁਗਤੀਆਂ ਦੀ ਵਰਤੋਂ ਨਾਲ ਇਨ੍ਹਾਂ ਨਾਟਕਾਂ ਨੂੰ ਯਾਦਗਾਰੀ ਪੇਸ਼ਕਸ਼ ਬਣਾਇਆ। ਦੇਸ਼ ਭਗਤ ਹਾਲ ਵਿਚ ਗਦਰੀ ਬਾਬਿਆਂ ਦੇ ਮੇਲੇ ਵਿਚ ਸਾਹਬ ਸਿੰਘ ਨੇ ਨਾਟਕ 'ਟੁੰਡਾ ਹੌਲਦਾਰ' ਵਿਚ ਆਪਣੀ ਅਭਿਨੈ ਕਲਾ ਦਾ ਸਿੱਕਾ ਮੰਨਵਾਇਆ ਸੀ। ਹੁਣ ਇਨ੍ਹਾਂ ਨਾਟਕਾਂ ਦੇ ਸਿਰ 'ਤੇ ਉਹ ਸਹਿਜੇ ਹੀ ਪੰਜਾਬ ਨਾਟਕ ਖੇਤਰ ਦੀ ਇਕ ਪ੍ਰਾਪਤੀ ਕਿਹਾ ਜਾ ਸਕਦਾ ਹੈ। ਇਸ ਸਮਾਗਮ ਨੇ ਰੋਪੜ ਨੂੰ ਸਾਹਿਤ ਅਤੇ ਸਭਿਆਚਾਰ ਦਾ ਇਕ ਮਹੱਤਵਪੂਰਨ ਕੇਂਦਰ ਸਥਾਪਤ ਕਰ ਦਿੱਤਾ ਹੈ। ਇਹ ਇਕ ਮੁਬਾਰਕ ਗੱਲ ਹੈ।

**ਕਲਾ ਦੇ ਨਾਂ 'ਤੇ ਅਯਾਸ਼ੀ:** ਕਲਾ ਸੁਹਜ ਸਵਾਦ ਦਾ ਵਿਕਾਸ ਕਰੇ, ਇਸ ਦਿਸ਼ਾ ਵਿਚ ਜਿੱਥੇ ਲੋਕ-ਪੱਖੀ ਕਲਾਕਾਰ ਯਤਨਸ਼ੀਲ ਹਨ, ਉਥੇ ਕਲਾ ਮਨ ਪ੍ਰਚਾਵੇ ਅਤੇ ਅਯਾਸ਼ੀ ਲਈ ਵਰਤੀ ਜਾਏ, ਇਹਦੇ ਬਾਰੇ ਵੀ ਵਪਾਰਕ ਕਿਸਮ ਦੇ ਕਲਾਕਾਰ ਅਤੇ ਉਨ੍ਹਾਂ ਦੇ ਹਿਮੈਤੀ ਪੂਰੀ ਤਰ੍ਹਾਂ ਸਰਗਰਮ ਹਨ। ਤੂਤਕ ਤੂਤਕ ਤੂਤੀਆਂ ਵਾਲਾ ਮਲਕੀਤ ਸਿੰਘ ਆਪਣੇ ਸਾਥੀਆਂ ਬਾਲੀ ਸੱਗੂ ਅਤੇ ਚੈਸ਼ਾਇਰ ਕੈਟ ਬਿੱਲੀ ਸਮੇਤ ਇੰਗਲੈਂਡ ਤੋਂ ਦਿੱਲੀ ਆ ਗਿਆ ਹੈ। ਪੰਜਾਬੀ ਭੰਗੜੇ ਨੂੰ ਹੁਣ ਰੌਕ ਭੰਗੜੇ ਦਾ ਨਾਂ ਦਿੱਤਾ ਗਿਆ ਹੈ। ਉਨ੍ਹਾਂ ਨੇ ਦਿੱਲੀ, ਗੁੜਗਾਉਂ ਰੋਡ 'ਤੇ ਦਿੱਲੀ ਤੋਂ ਦੂਰ 32 ਕਿਲੋਮੀਟਰ 'ਤੇ ਸਥਿਤ ਇਕ ਪੰਜ ਸਟਾਰ ਹੋਟਲ ਵਿਚ ਆਪਣਾ ਪ੍ਰੋਗਰਾਮ ਦਿੱਤਾ ਹੈ। ਹੋਟਲ ਨੂੰ ਪੰਜਾਬੀ ਢਾਬੇ ਦੀ ਇਕ ਸੈਟਿੰਗ ਵਿਚ ਬਦਲ ਦਿੱਤਾ ਗਿਆ। ਕਲਾਕਾਰਾਂ ਦੀ ਆਮਦ ਟਰੱਕਾਂ ਰਾਹੀਂ ਹੋਈ। ਇਸ ਪ੍ਰੋਗਰਾਮ ਲਈ ਦਾਖਲਾ ਟਿਕਟ 800 ਰੁਪਏ ਦੀ ਸੀ। ਖਾਣ-ਪੀਣ ਦਾ ਖਰਚ ਵੱਖਰਾ ਸੀ। ਦਿੱਲੀ ਦੇ ਪੈਸੇ ਵਾਲੇ ਅਤੇ ਅਯਾਸ਼ ਲੋਕ ਵੱਡੀ ਗਿਣਤੀ ਵਿਚ ਆਪਣੀਆਂ ਕਾਰਾਂ 'ਤੇ ਉਥੇ ਪੁੱਜੇ। ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਹੋਰਾਂ ਦਾ ਬੇਟਾ ਵੀ ਉਨ੍ਹਾਂ ਵਿਚ ਸ਼ਾਮਲ ਸੀ। ਭੰਗੜੇ ਦੀ ਤਾਲ 'ਤੇ ਦਰਸ਼ਕ ਨੱਚੇ ਵੀ ਤੇ ਬਾਲੀ ਸੱਗੂ ਦੇ ਰੈਪ ਅਤੇ ਰੌਕ ਮਿਊਜ਼ਿਕ ਵਿਚ ਵੀ ਉਨ੍ਹਾਂ ਦੀ ਪੂਰੀ ਸ਼ਮੂਲੀਅਤ ਸੀ। ਅਯਾਸ਼ੀ ਲਈ ਵਰਤੀ ਜਾਣ ਵਾਲੀ ਕਲਾ, ਜਿਸ ਨੂੰ ਆਧੁਨਿਕਤਾ ਦਾ ਨਾਂ ਦਿੱਤਾ ਗਿਆ ਹੈ, ਉਹਨੇ ਕਲਾ ਖੇਤਰ 'ਤੇ ਪੂਰੀ ਤਰ੍ਹਾਂ ਧਾਵਾ ਬੋਲਿਆ ਹੈ। ਦਿੱਲੀ ਦੀਆਂ ਅਖਬਾਰਾਂ ਵਿਚ ਪੂਰੇ ਵੱਡੇ ਸਫੇ ਦੀ ਇਸ਼ਤਿਹਾਰਬਾਜ਼ੀ ਇਸ ਪ੍ਰੋਗਰਾਮ ਦੀ ਕੀਤੀ ਗਈ। ਖਤਰਾ ਹੈ ਕਿ ਇਸ ਇਸ਼ਤਿਹਾਰਬਾਜ਼ੀ ਦੇ ਅਸਰ ਥੱਲੇ ਤੇ ਵੱਡੇ ਧੰਦਿਆਂ ਦੀ ਸਰਪ੍ਰਸਤੀ ਕਰ ਕੇ ਸਭਿਆਚਾਰਕ ਵਿਭਾਗ ਅਤੇ ਕਲਚਰਲ ਸੈਂਟਰ, ਚੰਡੀਗੜ੍ਹ ਜਾਂ ਹੋਰਨਾਂ ਥਾਵਾਂ 'ਤੇ ਇਸ ਕਿਸਮ ਦੇ ਪ੍ਰੋਗਰਾਮ ਆਯੋਜਿਤ ਕਰਨਗੇ। ਉਹ ਫੰਡ ਜੋ ਪੇਂਡੂ ਖੇਤਰ ਵਿਚ ਨਾਟਕ ਅਤੇ ਸਭਿਆਚਾਰਕ ਪ੍ਰੋਗਰਾਮਾਂ ਲਈ ਰਾਖਵਾਂ ਰੱਖਿਆ ਗਿਆ ਹੈ, ਉਹ ਇਸ ਕਿਸਮ ਦੇ ਇਕ ਦੋ ਸ਼ੋਅ ਵਿਚ ਹੀ ਉਡਾ ਦਿੱਤਾ ਜਾਇਗਾ। ਇਸ ਤਰ੍ਹਾਂ ਦੋ ਸਾਲ ਪਹਿਲੇ ਹੋਇਆ ਸੀ। ਸਾਹਿਤ ਅਤੇ ਸਭਿਆਚਾਰਕ ਖੇਤਰ ਵਿਚ ਪੈਸਾ ਅਤੇ ਪੈਸੇ ਵਾਲੇ ਲੋਕ ਹਾਵੀ ਨਾ ਹੋਣ, ਇਸ ਦੀ ਪਹਿਰੇਦਾਰੀ ਦੀ ਲੋੜ ਹੈ। ਲੋਕ-ਪੱਖੀ ਕਲਾਕਾਰਾਂ ਨੂੰ ਇਸ ਚੈਲਿੰਜ ਦਾ ਮੁਕਾਬਲਾ ਕਰਨ ਲਈ ਵੇਲੇ ਤਿਆਰ ਰਹਿਣਾ ਚਾਹੁੰਦਾ ਹੈ।

**ਇਕ ਨਾਟਕੀ ਵਾਰਤਾਲਾਪ ਤੇ ਇਕ ਸੱਚ:**

ਪਤੀ – ਕਿਉਂ ਭਾਗਵਾਨੇ ਆਪਣੇ ਮੁੰਡੇ ਨੇ ਕਿਸ ਲਾਈਨ ਵਿਚ ਜਾਣ ਦੀ ਸਲਾਹ ਬਣਾਈ ਏ?

ਪਤਨੀ – ਇਹ ਕਹਿੰਦਾ ਏ ਕਿ ਇਹ ਸਿਆਸਤ ਵਿਚ ਆਪਣੀ ਕਿਸਮਤ-ਅਜ਼ਮਾਈ ਕਰੇਗਾ।

ਪਤੀ – ਬਿਲਕੁਲ ਠੀਕ, ਇਹਨੂੰ ਇਹੋ ਲਾਈਨ ਮਾਫਕ ਆਏਗੀ। ਇਹਨੂੰ ਕਿਸੇ ਕੌਮੀ ਮਸਲੇ ਬਾਰੇ ਕੱਖ ਦਾ ਪਤਾ ਨਹੀਂ, ਪਰ ਇਹ ਸਮਝਦਾ ਏ ਕਿ ਇਸ ਨੂੰ ਸਭ ਪਤਾ ਏ। ਸਪਸ਼ਟ ਏ ਕਿ ਇਹ ਇਕ ਕਾਮਯਾਬ ਸਿਆਸਤਦਾਨ ਬਣੇਗਾ।

(ਬਰਨਡ ਸ਼ਾਅ ਦੇ ਨਾਟਕ ਮੇਜਰ ਬਾਰਬਰਾ ਵਿਚੋਂ)